| SERVIZIO SANITARIO REGIONALE EMILIA-ROMAGNA Azienda Unità Sanitaria Locale di Reggio Emilia | ਫਾਰਮ | |
|---|---|---|
| SERVIZIO SANITARIO REGIONALE EMILIA-ROMAGNA Azienda Ospedaliera di Reggio Emilia Arcispedale S. Maria Nuova | Adesione consapevole alla colonscopia<br>ਕਾਲੋਨੋਸਕੋਪੀ ਲਈ ਸੂਚਿਤ ਸਹਿਮਤੀ | Versione in Punjabi<br>ਜੂਨ 2013 |

**1 – ਕਾਲੋਨੋਸਕੋਪੀ ਕੀ ਹੈ?**
ਕਾਲੋਨੋਸਕੋਪੀ ਇੱਕ ਟੈਸਟ ਹੈ ਜਿਸ ਨਾਲ ਅਸੀਂ ਕੋਲਨ (ਵੱਡੀ ਆਂਦਰ) ਦੀ ਅੰਦਰਲੀ ਸਤਹ ਦਾ, ਇੱਕ ਛੋਟੀ ਲਚਕੀਲੀ ਟਿਊਬ ਗੁਦੇ ਰਾਹੀਂ ਅੰਦਰ ਪਾਕੇ, ਨਿਰੀਖਣ ਕਰ ਸਕਦੇ ਹਾਂ।
ਇਸ ਟੈਸਟ ਨੂੰ ਕਰਨ ਵਿਚ 30 ਤੋਂ 60 ਮਿੰਟ ਲਗਦੇ ਹਨ।

**ਤੁਹਾਨੂੰ ਕਾਲੋਨੋਸਕੋਪੀ ਕਿਉਂ ਕਰਵਾਉਣੀ ਚਾਹੀਦੀ ਹੈ?**
ਕਾਲੋਨੋਸਕੋਪੀ ਵੱਡੀ ਆਂਦਰ ਦੇ ਕੈਂਸਰ ਦੇ ਖਤਰੇ ਨੂੰ ਘੱਟ ਕਰਦੀ ਹੈ। ਅਸਲ ਵਿਚ, ਕਾਲੋਨੋਸਕੋਪੀ ਨਾਲ ਉੱਥੇ ਮੌਜੂਦ ਟਿਊਮਰਾਂ ਦਾ ਅਤੇ ਸਮੇਂ ਦੇ ਨਾਲ ਟਿਊਮਰਾਂ ਵਿਚ ਬਦਲ ਸਕਣ ਵਾਲੇ ਫੋੜਿਆਂ ਦਾ ਪਹਿਲਾਂ ਪਤਾ ਲਗ ਜਾਂਦਾ ਹੈ।
ਅਜਿਹਾ ਕਰਨਾ ਮੁਮਕਿਨ ਹੈ ਕਿਉਂਕਿ ਉਤਕਾਂ ਦੇ ਨਮੂਨੇ (ਬਾਇਓਪਸੀ) ਲਏ ਜਾ ਸਕਦੇ ਹਨ ਅਤੇ ਫੋੜਿਆਂ ਨੂੰ ਟੈਸਟ ਦੇ ਦੌਰਾਨ ਨਸ਼ਟ (ਪੌਲਿਪੈਕਟਾਮੀ) ਕੀਤਾ ਜਾ ਸਕਦਾ ਹੈ।

ਕਾਲੋਨੋਸਕੋਪੀ ਦੀ ਇੱਕ ਕਮੀ ਇਹ ਹੈ ਕਿ ਕੁਝ ਫੋੜੇ, ਖਾਸ ਤੌਰ ਤੇ ਛੋਟੇ ਫੋੜੇ, ਹੋ ਸਕਦਾ ਹੈ, ਦਿਖਾਈ ਨਾ ਦੇਣ।

**2 - ਕੀ ਕਾਲੋਨੋਸਕੋਪੀ ਵਿਚ ਖਤਰੇ ਹਨ?**
ਪੇਚੀਦਗੀਆਂ ਘੱਟ ਹੁੰਦੀਆਂ ਹਨ ਪਰ ਉਹਨਾਂ ਦੇ ਕਾਰਨ ਹਸਪਤਾਲ ਵਿਚ ਦਾਖਲ ਹੋਣਾ (200 ਮਾਮਲਿਆਂ ਵਿਚੋਂ ਤਕਰੀਬਨ ਇੱਕ ਮਾਮਲੇ ਵਿਚ), ਟੈਸਟ ਦੁਹਰਾਉਣਾ ਜਾਂ, ਹੋਰ ਵੀ ਘੱਟ ਮਾਮਲਿਆਂ ਵਿਚ, ਆਪਰੇਸ਼ਨ ਕਰਵਾਉਣਾ ਪੈ ਸਕਦਾ ਹੈ।
ਸਭ ਤੋਂ ਵੱਧ ਮਹੱਤਵਪੂਰਨ ਪੇਚੀਦਗੀਆਂ ਹਨ:

- ਬਾਇਓਪਸੀ ਜਾਂ ਪੌਲਿਪੈਕਟਾਮੀ ਵਾਲੀ ਥਾਂ ਦੇ ਹੇਠੋਂ ਲਹੂ ਵੱਗਣਾ ਜੋ 100 ਵਿਚੋਂ 1 ਟੈਸਟ ਵਿਚ ਹੋ ਸਕਦਾ ਹੈ;
- ਆਂਦਰ ਵਿਚ ਛੇਕ ਹੋ ਜਾਣਾ, ਜੋ 1000 ਵਿਚੋਂ 1 ਟੈਸਟ ਵਿਚ ਹੋ ਸਕਦਾ ਹੈ;
- ਇੰਜੈਕਸ਼ਨ ਰਾਹੀਂ ਦਿੱਤੀਆਂ ਗਈਆਂ ਦਵਾਈਆਂ ਦੇ ਕਾਰਨ ਦਿਲ ਜਾਂ ਸਾਹ ਦੀ ਸਮੱਸਿਆ ਹੋਣੀ ਜੋ ਵਿਰਲੇ ਹੀ ਕਦੇ ਹੁੰਦੀ ਹੈ।

ਜੀਵਨ ਖਤਰੇ ਵਿਚ ਪਾਉਣ ਵਾਲੀਆਂ ਪੇਚੀਦਗੀਆਂ ਬਹੁਤ ਅਸਧਾਰਨ ਘਟਨਾਵਾਂ ਹਨ।
Reggio Emilia ਪ੍ਰਾਂਤ ਦੇ ਐਂਡੋਸਕੋਪੀ ਕੇਂਦਰਾਂ ਵਿਚ ਉੱਚੇ ਦਰਜੇ ਦੇ ਸਿਹਤ ਪੇਸ਼ੇਵਰ, ਸੁਵਿਧਾਵਾਂ ਅਤੇ ਸਾਜ਼-ਸਾਮਾਨ ਹੋਣ ਕਾਰਨ ਪੇਚੀਦਗੀਆਂ ਦਾ ਖਤਰਾ ਬਹੁਤ ਘੱਟ ਹੋ ਜਾਂਦਾ ਹੈ ਅਤੇ ਜੇ ਕੋਈ ਪੇਚੀਦਗੀ ਹੋ ਜਾਵੇ ਤਾਂ ਉਸਦਾ ਫੌਰਨ ਅਤੇ ਸਹੀ ਇਲਾਜ ਕੀਤਾ ਜਾ ਸਕਦਾ ਹੈ।

ਘਰ ਆ ਕੇ ਕਈ ਦਿਨ ਆਰਾਮ ਕਰਨ ਦੇ ਬਾਅਦ ਵੀ, ਪੇਚੀਦਗੀਆਂ ਦੀ ਪਛਾਣ ਛੇਤੀ ਕਰਨਾ ਬਹੁਤ ਜ਼ਰੂਰੀ ਹੈ। ਜੇ ਲਹੂ ਨਿਕਲਦਾ ਹੈ, ਪੇਟ ਵਿਚ ਦਰਦ ਹੁੰਦਾ ਹੈ ਜਾਂ ਬੁਖਾਰ ਹੁੰਦਾ ਹੈ ਤਾਂ ਐਂਡੋਸਕੋਪੀ ਕੇਂਦਰ ਨਾਲ ਸੰਪਰਕ ਕਰੋ ਜਾਂ ਐਮਰਜੈਂਸੀ ਰੂਮ ਵਿਚ ਜਾਉ।

**ਜੇ ਮੈਂ ਕਾਲੋਨੋਸਕੋਪੀ ਨਾ ਕਰਾਵਾਂ ਤਾਂ ਕੀ ਹੋਵੇਗਾ?**
ਕਾਲੋਨੋਸਕੋਪੀ ਨਾ ਕਰਵਾਉਣ ਨਾਲ ਤੁਹਾਡੇ ਟਿਊਮਰ ਦਾ ਨਿਦਾਨ ਦੇਰ ਨਾਲ ਹੋ ਸਕਦਾ ਹੈ ਅਤੇ ਫੋੜੇ ਨਹੀਂ ਹਟਾਏ ਜਾਣਗੇ ਜੋ ਸਮਾਂ ਬੀਤਣ ਦੇ ਨਾਲ ਟਿਊਮਰ ਬਣ ਸਕਦੇ ਹਨ।

ਕਾਲੋਨੋਸਕੋਪੀ ਦੀ ਥਾਂ ਤੇ ਤੁਸੀਂ ਕੁਝ ਰੇਡੀਓਲਾਜੀ ਵਾਲੇ ਟੈਸਟ (ਜਿਵੇਂ ਕੋਲਨ ਦਾ ਸੀ.ਟੀ. ਸਕੈਨ) ਕਰਵਾ ਸਕਦੇ ਹੋ ਪਰ ਉਹਨਾਂ ਵਿਚ ਤੁਸੀਂ ਉਤਕਾਂ ਦਾ ਨਮੂਨਾ ਨਹੀਂ ਲੈ ਸਕਦੇ ਅਤੇ ਲੋੜ ਹੋਣ ਤੇ ਫੋੜੇ ਵੀ ਨਹੀਂ ਹਟਾ ਸਕਦੇ। ਇਸ ਕਰਕੇ ਆਮ ਤੌਰ ਤੇ ਕਾਲੋਨੋਸਕੋਪੀ ਨੂੰ ਜ਼ਿਆਦਾ ਪਸੰਦ ਕੀਤਾ ਜਾਂਦਾ ਹੈ।

**3 - ਕੀ ਕਾਲੋਨੋਸਕੋਪੀ ਵਿਚ ਦਰਦ ਹੁੰਦਾ ਹੈ?**
ਆਮ ਤੌਰ ਤੇ ਦਰਦ ਨਹੀਂ ਹੁੰਦਾ ਕਿਉਂਕਿ ਅਕਸਰ ਦਰਦ ਨਿਵਾਰਕ ਅਤੇ/ਜਾਂ ਸ਼ਾਂਤਕਾਰੀ ਦਵਾਈਆਂ ਦੀ ਸੂਈ ਲਗਾਈ ਜਾਂਦੀ ਹੈ।

**4 - ਕਾਲੋਨੋਸਕੋਪੀ ਲਈ ਤਿਆਰੀ**
ਟੈਸਟ ਦੀ ਕਾਮਯਾਬੀ ਲਈ ਜ਼ਰੂਰੀ ਹੈ ਕਿ ਆਂਦਰ ਦੀ ਸਹੀ ਤਿਆਰੀ ਕੀਤੀ ਜਾਵੇ। ਇਸ ਲਈ ਜ਼ਰੂਰੀ ਹੈ ਕਿ ਤੁਸੀਂ ਉਹਨਾਂ ਸਾਰੀਆਂ ਹਿਦਾਇਤਾਂ ਦੀ ਪੂਰੀ ਤਰ੍ਹਾਂ ਪਾਲਣਾ ਕਰੋ ਜੋ ਤੁਹਾਨੂੰ ਦਿੱਤੀਆਂ ਜਾਣਗੀਆਂ ਅਤੇ ਆਂਦਰ ਨੂੰ ਸਾਫ ਕਰਨ ਵਾਲੇ ਉਤਪਾਦ ਨੂੰ ਸਹੀ ਤਰੀਕੇ ਨਾਲ ਲਉ।

**ਜੇ ਤੁਸੀਂ ਦਵਾਈਆਂ ਲੈ ਰਹੇ ਹੋ ਜਾਂ ਬਿਮਾਰ ਹੋ:**
ਟੈਸਟ ਤੋਂ ਪਹਿਲਾਂ ਗੈਸਟ੍ਰੋਐਂਟੇਰੋਲੋਜਿਸਟ ਨੂੰ ਤੁਹਾਡੇ ਦੁਆਰਾ ਲਈ ਜਾਣ ਵਾਲੀਆਂ ਦਵਾਈਆਂ, ਤੁਹਾਡੀਆਂ ਐਲਰਜੀਆਂ (ਜੇ ਹਨ) ਅਤੇ ਲੰਮੇ ਅਰਸੇ ਦੀਆਂ ਬਿਮਾਰੀਆਂ (ਜੇ ਹਨ) ਬਾਰੇ ਜ਼ਰੂਰ ਦੱਸੋ।

**ਜੇ ਤੁਸੀਂ ਕੋਈ ਐਂਟੀਕੋਐਗੂਲੈਂਟ (ਜਮਾਉ-ਰੋਧਕ ਦਵਾਈ) ਲੈ ਰਹੇ ਹੋ:**
ਜੇ ਤੁਸੀਂ ਕੋਈ ਜਮਾਉ-ਰੋਧਕ ਦਵਾਈ (ਸਿੰਟਰੌਮ, ਕੁਮੈਡੀਨ) ਲੈ ਰਹੇ ਹੋ ਤਾਂ ਟੈਸਟ ਤੋਂ ਘੱਟੋ-ਘੱਟ 10 ਦਿਨ ਪਹਿਲਾਂ ਇਸ ਦੇ ਬਾਰੇ ਐਂਡੋਸਕੋਪੀ ਕੇਂਦਰ ਨੂੰ ਇਸਦੀ ਸੂਚਨਾ ਦਿਉ ਤਾਂ ਜੋ ਤੁਸੀਂ ਉਹ ਹਿਦਾਇਤਾਂ ਪਾ ਸਕੋ ਜਿਨ੍ਹਾਂ ਦੀ ਮਦਦ ਨਾਲ ਤੁਸੀਂ ਟੈਸਟ ਵਾਲੇ ਦਿਨ ਸੁਰੱਖਿਅਤ ਤਰੀਕੇ ਨਾਲ ਟੈਸਟ ਕਰਾਉਣ ਲਈ ਸਹੀ ਹਾਲਤ ਵਿਚ ਹੋਵੇਗੇ। ਜੇ ਤੁਸੀਂ ਸਹੀ ਹਾਲਤ ਵਿਚ ਨਹੀਂ ਹੋਵੋਗੇ ਤਾਂ ਟੈਸਟ ਨਹੀਂ ਕਰਵਾ ਸਕੋਗੇ ਕਿਉਂਕਿ ਤੁਹਾਡੇ ਦੁਆਰਾ ਲਈ ਜਾਣ ਵਾਲੀਆਂ ਦਵਾਈਆਂ ਨਾਲ ਤੁਸੀ ਕਾਲੋਨੋਸਕੋਪੀ ਦੇ ਬਾਅਦ ਲਹੂ-ਵਹਾਉ ਦਾ ਖਤਰਾ ਵਧਾ ਰਹੇ ਹੋ।

ਜੇ ਤੁਸੀਂ ਸਿਰਫ ਇੱਕ ਐਂਟੀ-ਐਗ੍ਰੀਗੈਂਟ ਦਵਾਈ (ਜਿਵੇਂ, ਘੱਟ ਖੁਰਾਕ ਵਾਲੀ ਐਸਪੀਰੀਨ, ਐਸਕ੍ਰਿਪਟਿਨ, ਕਾਰਡੀਰੀਨ, ਟਿਕਲਿਡ, ਪਲੈਵਿਕਸ ਆਦਿ) ਲੈ ਰਹੇ ਹੋ ਤਾਂ ਤੁਸੀਂ ਉਸਨੂੰ ਲੈਣਾ ਜਾਰੀ ਰੱਖ ਸਕਦੇ ਹੋ।

ਪਰ ਜੇ ਤੁਸੀਂ ਇੱਕ ਤੋਂ ਵੱਧ ਐਂਟੀ-ਐਗ੍ਰੀਗੈਂਟ ਦਵਾਈਆਂ ਲੈ ਰਹੇ ਹੋ ਤਾਂ ਤੁਹਾਡੇ ਲਈ ਤੁਹਾਡਾ ਇਲਾਜ ਕਰਨ ਵਾਲੇ ਡਾਕਟਰ ਜਾਂ ਹਿਰਦਾ ਵਿਸ਼ੇਸ਼ੱਗ ਨੂੰ ਇਸਦੀ ਸੂਚਨਾ ਦੇਣਾ ਜ਼ਰੂਰੀ ਹੈ ਤਾਂ ਜੋ ਇਹ ਨਿਰਧਾਰਤ ਕੀਤਾ ਜਾ ਸਕੇ ਕਿ ਤੁਸੀਂ ਵਕਤੀ ਤੌਰ ਤੇ ਸਿਰਫ ਐਸਪੀਰੀਨ ਲੈ ਸਕਦੇ ਹੋ ਜਾਂ ਨਹੀਂ।

**5 – ਤੁਹਾਡੇ ਟੈਸਟ ਹੋਣ ਤੋਂ ਬਾਅਦ ਕੀ ਹੋਵੇਗਾ?**

ਕਾਲੋਨੋਸਕੋਪੀ ਦੇ ਬਾਅਦ ਤੁਸੀਂ ਤਕਰੀਬਨ 30 ਮਿੰਟ ਲਈ ਨਿਰੀਖਣ ਹੇਠ ਰਹੋਗੇ ਤਾਂ ਜੋ ਤੁਸੀਂ ਸ਼ਾਂਤਕਾਰੀ ਦਵਾਈਆਂ ਦੇ ਅਸਰ ਤੋਂ ਚੰਗੀ ਤਰ੍ਹਾਂ ਮੁਕਤ ਹੋ ਜਾਉ। ਇਸ ਨਾਲ ਤੁਸੀਂ ਆਪਣੇ ਆਪ ਚਲ ਸਕੋਗੇ ਅਤੇ ਤੁਹਾਡੇ ਨਾਲ ਆਇਆ ਵਿਅਕਤੀ ਤੁਹਾਡੀ ਦੇਖਭਾਲ ਕਰ ਸਕੇਗਾ।

**ਕਾਲੋਨੋਸਕੋਪੀ ਕਰਾਉਣ ਵਾਲੇ ਵਿਅਕਤੀ ਨਾਲ ਕਿਸੇ ਹੋਰ ਵਿਅਕਤੀ ਦਾ ਹੋਣਾ ਜ਼ਰੂਰੀ ਹੈ,** ਕਿਉਂਕਿ ਸ਼ਾਂਤੀਕਾਰੀ ਦਵਾਈਆਂ ਅਸਰ ਦੇ ਕਾਰਨ ਤੁਸੀਂ ਘੱਟੋ-ਘੱਟ 12 ਘੰਟੇ ਤਕ ਕੋਈ ਅਜਿਹਾ ਕੰਮ ਨਹੀਂ ਕਰ ਸਕੋਗੇ ਜਿਸ ਵਿਚ ਧਿਆਨ ਦੇਣ ਦੀ ਲੋੜ ਹੋਵੇ, ਜਿਵੇਂ ਗੱਡੀ ਚਲਾਉਣਾ ਜਾਂ ਸੜਕ ਤੇ ਚਲਨਾ ਵੀ।

ਕਾਲੋਨੋਸਕੋਪੀ ਦੇ ਬਾਅਦ, ਤੁਹਾਨੂੰ ਕੜਵੱਲ, ਪੇਟ ਦਰਦ ਜਾਂ ਜੀ ਕੱਚਾ ਹੋਣਾ ਮੁਮਕਿਨ ਹਨ ਜੋ ਛੇਤੀ ਹੀ ਗਾਇਬ ਹੋ ਜਾਂਦੇ ਹਨ।

ਟੈਸਟ ਦੇ ਦੋ ਘੰਟੇ ਬਾਅਦ ਤੁਸੀਂ ਖਾਣਾ ਸ਼ੁਰੂ ਕਰ ਸਕਦੇ ਹੋ ਪਰ ਤੁਹਾਨੂੰ ਥੋੜਾ ਥੋੜਾ ਕਰਕੇ ਖਾਣਾ ਚਾਹੀਦਾ ਹੈ ਅਤੇ ਫਲ, ਸਬਜ਼ੀਆਂ ਅਤੇ ਡੇਰੀ ਉਤਪਾਦਾਂ ਤੋਂ ਗੁਰੇਜ਼ ਕਰਨਾ ਚਾਹੀਦਾ ਹੈ।
ਟੈਸਟ ਤੋਂ ਅਗਲੇ ਦਿਨ ਤੁਸੀਂ ਆਮ ਵਾਂਗ ਖਾਣਾ ਪੀਣਾ ਸ਼ੁਰੂ ਕਰ ਸਕਦੇ ਹੋ।

ਟਿੱਪਣੀਆਂ

.................................................................................

.................................................................................

.................................................................................

.................................................................................

.................................................................................

**CONSENSO INFORMATO**
**ਸੂਚਿਤ ਸਹਿਮਤੀ**

Io sottoscritta/o - ਮੈਂਨੂੰ, ਜਿਸਦੇ ਦਸਤਖਤ ਹੇਠਾਂ ਹਨ,

______________________________
(Cognome e Nome) - (ਉਪਨਾਮ ਅਤੇ ਨਾਂ)

Nato a / ਜਨਮ ਸਥਾਨ______________________________

Il / ਜਨਮ ਮਿਤੀ______________________________

- sono stata/o informata/o in merito ai seguenti punti - ਹੇਠਲੀਆਂ ਗੱਲਾਂ ਦੀ ਜਾਣਕਾਰੀ ਦੇ ਦਿੱਤੀ ਗਈ ਹੈ:
  - ਕਾਲੋਨੋਸਕੋਪੀ ਕੀ ਹੈ ਅਤੇ ਕਿਸ ਲਈ ਕੀਤੀ ਜਾਂਦੀ ਹੈ;
  - ਇਸ ਟੈਸਟ ਦੇ ਫਾਇਦੇ;
  - ਵਰਤੇ ਗਏ ਤਰੀਕੇ ਦੀਆਂ ਸੀਮਾਵਾਂ ਅਤੇ ਉਸਦੇ ਨਾਲ ਜੁੜੇ ਖਤਰੇ;
  - ਟੈਸਟ ਨਾ ਕਰਵਾਉਣ ਦੇ ਨੁਕਸਾਨ।
- ਮੈਂ ਇਸ ਸਹਿਮਤੀ ਫਾਰਮ ਅਤੇ ਟੈਸਟ ਦੀ ਤਿਆਰੀ ਲਈ ਹਿਦਾਇਤਾਂ ਦੀ ਜਾਂਚ ਕਰ ਲਈ ਹੈ;
- ਮੈਨੂੰ ਮੇਰੇ ਸਵਾਲਾਂ ਅਤੇ ਸਪਟੀਕਰਨਾਂ ਦੇ ਸਮਝ ਆਉਣ ਯੋਗ ਅਤੇ ਪੂਰੇ ਜਵਾਬ ਮਿਲ ਗਏ ਹਨ;
- ਜੋ ਤੱਥ ਅਤੇ ਜਾਣਕਾਰੀ ਮੈਨੂੰ ਦਿੱਤੀ ਗਈ ਹੈ ਉਹਨਾਂ ਦਾ ਧਿਆਨ ਨਾਲ ਮੁਲਾਂਕਣ ਕਰਨ ਲਈ ਮੈਨੂੰ ਕਾਫੀ ਸਮਾਂ ਅਤੇ ਮੌਕਾ ਦਿੱਤਾ ਗਿਆ ਹੈ।

ਇਸ ਕਰਕੇ:

**ACCONSENTO** a sottopormi alla COLONSCOPIA / ਮੈਂ **ਕਾਲੋਨੋਸਕੋਪੀ** ਕਰਵਾਉਣ ਅਤੇ ਟੈਸਟ ਦੇ ਦੌਰਾਨ ਲੋੜੀਂਦੇ ਸਾਰੇ ਨੈਦਾਨਿਕ ਅਤੇ ਇਲਾਜ ਸਬੰਧਤ ਕਦਮਾਂ ਲਈ **ਸਹਿਮਤ ਹਾਂ**। ਇਸ ਵਿਚ ਟੈਸਟ ਦੌਰਾਨ ਹੋਣ ਵਾਲੇ ਨਿਦਾਨਾਂ ਦਾ ਇਲਾਜ (ਫੋੜਿਆਂ ਨੂੰ ਹਟਾਉਣਾ, ਬਾਇਓਪਸੀ ਅਤੇ ਲਏ ਗਏ ਟਿਸ਼ੂ ਦੀ ਜਾਂਚ, ਆਦਿ) ਅਤੇ ਪੈਦਾ ਹੋਈ ਕਿਸੇ ਆਪਾਤ ਸਥਿਤੀ ਦਾ ਇਲਾਜ ਦੋਨੋ ਸ਼ਾਮਲ ਹਨ

**SI / ਹਾਂ** ☐ **NO / ਨਹੀਂ**☐

______________________________ lì / ਵਿਖੇ ____/____/____
(Luogo e Data) - (ਥਾਂ ਅਤੇ ਤਾਰੀਖ)

______________________________
(Firma del paziente) - (ਮਰੀਜ਼ ਦੇ ਦਸਤਖਤ)

ਮੈਂ ਪੁਸ਼ਟੀ ਕਰਦਾ/ਕਰਦੀ ਹਾਂ ਕਿ ਮੈਂ ਇਸ ਦਸਤਾਵੇਜ਼ ਵਿਚ ਦੱਸੀ ਗਈ ਜਾਣਕਾਰੀ ਪ੍ਰਦਾਨ ਕੀਤੀ ਹੈ ਅਤੇ ਇਹ ਯਕੀਨੀ ਬਣਾਇਆ ਹੈ ਕਿ ਉਹ ਚੰਗੀ ਤਰ੍ਹਾਂ ਸਮਝ ਆ ਗਈ ਹੋਵੇ, ਅਤੇ ਸਪਸ਼ਟੀਕਰਨ ਦੀਆਂ ਜੋ ਬੇਨਤੀਆਂ ਆਈਆਂ ਸਨ ਉਹਨਾਂ ਦਾ ਜਵਾਬ ਦੇ ਦਿੱਤਾ ਹੈ।

______________________________
(Firma del medico endoscopista) - (ਗੈਸਟ੍ਰੋਐਂਟੇਰੋਲੋਜਿਸਟ ਦੇ ਦਸਤਖਤ)